# ਡੇਅਰੀ ਪਸ਼ੂਆਂ ਦੀ ਡੀਵਰਮਿੰਗ (ਢਿੱਡ ਦੇ ਕੀੜਿਆਂ ਦੀ ਰੋਕਥਾਮ)

ਡੇਅਰੀ ਪਸ਼ੂਆਂ ਵਿੱਚ ਢਿੱਡ ਦੇ ਕੀੜਿਆਂ (ਮਲ੍ਹੱਪਾਂ), ਜਿਵੇਂ ਕਿ ਗੋਲਾਕਾਰ ਮਲੱਪ (ਰਾਊਂਡਵਰਮ), ਜਿਗਰ ਪਰਜੀਵੀ (ਲਿਵਰ ਫਲੂਕ) ਅਤੇ ਚਪਟਾ ਪਰਜੀਵੀ (ਟੇਪਵਰਮ), ਦੀ ਰੋਕਥਾਮ ਲਈ ਉਨ੍ਹਾਂ ਨੂੰ ਦਵਾਈ ਦੇਣੀ (ਡੀਵਰਮਿੰਗ) ਜ਼ਰੂਰੀ ਹੈ ਤਾਂ ਜੋ ਉਹ ਮਲ੍ਹੱਪ-ਰਹਿਤ ਹੋ ਸਕਣ।

ਅੰਦਰੂਨੀ ਪਰਜੀਵੀਆਂ ਦੀ ਰੋਕਥਾਮ ਲਈ ਡੀਵਰਮਿੰਗ ਸਾਲ ਵਿੱਚ ਦੋ ਵਾਰ ਕਰਨੀ ਚਾਹੀਦੀ ਹੈ — ਦੱਖਣ-ਪੱਛਮੀ ਮਾਨਸੂਨ ਦੇ ਸ਼ੁਰੂ ਹੋਣ 'ਤੇ (ਮਈ-ਜੂਨ) ਅਤੇ ਖਤਮ ਹੋਣ ਤੋਂ ਬਾਅਦ (ਅਗਸਤ-ਸਤੰਬਰ)।

### ਡੀਵਰਮਿੰਗ ਪ੍ਰੋਗਰਾਮ (ਕਾਰਜਕ੍ਰਮ) ਨੂੰ ਕਾਮਯਾਬ ਕਿਵੇਂ ਬਣਾਇਆ ਜਾਵੇ?

- ਕਿਸਾਨਾਂ ਲਈ ਆਪਣੇ ਪਸ਼ੂਆਂ ਨੂੰ ਨਿਯਮਿਤ ਤੌਰ 'ਤੇ ਮਲ੍ਹੱਪ-ਰਹਿਤ (ਡੀਵਰਮਿੰਗ) ਰੱਖਣਾ ਜ਼ਰੂਰੀ ਹੈ।
- ਡੀਵਰਮਿੰਗ (ਕੀੜਾ-ਮੁਕਤ) ਕਰਨ ਦਾ ਸਭ ਤੋਂ ਸਹੀ ਸਮਾਂ ਬੀਮਾਰੀ ਦੇ ਸ਼ੁਰੂਆਤੀ ਪੜ੍ਹਾਅ ਵਿੱਚ ਕਰਨਾ ਹੁੰਦਾ ਹੈ, ਜਦੋਂ ਪਰਜੀਵੀਆਂ ਦੀ ਮਾਤਰਾ ਘੱਟ ਹੁੰਦੀ ਹੈ।
- ਪਸ਼ੂਆਂ ਦੇ ਗੋਹੇ ਦੀ ਜਾਂਚ ਕਰਨ 'ਤੇ ਹੀ ਡੀਵਰਮਿੰਗ ਕੀਤੀ ਜਾਣੀ ਚਾਹੀਦੀ ਹੈ।
- ਸੂਣ ਤੋਂ 15-20 ਦਿਨ ਪਹਿਲਾਂ ਗੱਭਣ ਪਸ਼ੂਆਂ ਨੂੰ ਮਲ੍ਹੱਪਾਂ ਦੀ ਦਵਾਈ ਜ਼ਰੂਰ ਦੇਵੋ।
- ਡੀਵਰਮਿੰਗ ਕਰਨ ਤੋਂ ਪਹਿਲਾਂ ਪਸ਼ੂਆਂ ਨੂੰ 24 ਘੰਟੇ ਲਈ ਭੁੱਖੇ ਰੱਖਣਾ ਚਾਹੀਦਾ ਹੈ।
- ਕੱਟੜੂ/ਵੱਛੜੂ ਦੇ ਜਨਮ ਤੋਂ 15 ਦਿਨ ਬਾਅਦ ਡੀਵਰਮਿੰਗ ਸ਼ੁਰੂ ਕਰ ਦੇਣੀ ਚਾਹੀਦੀ ਹੈ।
- ਕੱਟੜੂ/ਵੱਛੜੂ ਦੀ 6 ਮਹੀਨਿਆਂ ਦੀ ਉਮਰ ਤੱਕ ਹਰ ਮਹੀਨੇ ਡੀਵਰਮਿੰਗ ਕਰਨੀ ਚਾਹੀਦੀ ਹੈ।
- ਵੱਡੀ ਉਮਰ ਦੇ ਪਸ਼ੂਆਂ ਦੀ ਹਰ 4-6 ਮਹੀਨਿਆਂ ਦੇ ਵਕਫ਼ੇ 'ਤੇ ਡੀਵਰਮਿੰਗ ਕੀਤੀ ਜਾਣੀ ਚਾਹੀਦੀ ਹੈ।
- ਉਹ ਥਾਵਾਂ 'ਤੇ ਜਿੱਥੇ ਬਿਮਾਰੀ ਦਾ ਭਾਰ ਜਿਆਦਾ ਹੈ (ਗਰਮ-ਨਮੀ ਵਾਲੇ ਖੇਤਰ), ਦੋ ਸਾਲ ਦੀ ਉਮਰ ਤੱਕ ਹਰ ਸਾਲ ਤਿੰਨ ਤੋਂ ਚਾਰ ਵਾਰ ਡੀਵਰਮਿੰਗ ਦੀ ਸਲਾਹ ਦਿੱਤੀ ਜਾਂਦੀ ਹੈ।
- ਡੀਵਰਮਿੰਗ ਲਈ ਸਥਾਨਕ ਪਸ਼ੂਆਂ ਦੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

**ਡੇਅਰੀ ਪਸ਼ੂਆਂ ਦਾ ਡੀਵਰਮਿੰਗ ਕਾਰਜਕ੍ਰਮ**

| **ਕੀੜੇ ਦੀ ਕਿਸਮ** | **ਡੀਵਰਮਿੰਗ ਸਮਾਂ ਸੂਚੀ** | **ਮਲ੍ਹੱਪ ਦੀ ਦਵਾਈ** |
|---|---|---|
| ਗੋਲਾਕਾਰ ਮਲ੍ਹੱਪ (ਰਾਊਂਡਵਰਮ) | • ਪਹਿਲੀ ਖੁਰਾਕ ਉਮਰ ਦੇ 10-15 ਦਿਨਾਂ 'ਤੇ ਅਤੇ ਫਿਰ ਮਹੀਨਾਵਾਰ 6 ਮਹੀਨਿਆਂ ਤੱਕ<br>• 6 ਮਹੀਨਿਆਂ ਤੋਂ ਵੱਧ ਉਮਰ ਦੇ ਪਸ਼ੂਆਂ ਵਿੱਚ ਇੱਕ ਸਾਲ ਵਿਚ ਤਿੰਨ ਵਾਰ | ਫੇਨਬੇਂਡਾਜ਼ੋਲ, ਇਵਰਮੇਕਟਿਨ |
| ਜਿਗਰ ਪਰਜੀਵੀ (ਲਿਵਰ ਫਲੂਕ) | ਪ੍ਰਭਾਵਿਤ ਇਲਾਕਿਆਂ ਵਿੱਚ ਸਾਲ ਵਿੱਚ ਦੋ ਵਾਰ (ਜਨਵਰੀ ਅਤੇ ਜੂਨ) | ਟ੍ਰਾਈਕਲਾਬੈਂਡਾਜ਼ੋਲ, ਆਕਸੀਕਲੋਜ਼ਨਾਈਡ |
| ਚੱਪਟਾ ਮਲ੍ਹੱਪ (ਟੇਪਵਰਮ) | ਸਾਲ ਵਿੱਚ ਦੋ ਵਾਰ (ਜਨਵਰੀ ਅਤੇ ਜੂਨ) ਕੱਟੜੂ/ਵੱਛੜੂ ਵਿੱਚ | ਪ੍ਰਾਜ਼ੀਕੁਆਂਟਲ, ਨਿਕਲੋਸਾਮਾਈਡ |

***(ਵੱਲੋਂ: ਕੰਵਰਪਾਲ ਸਿੰਘ ਢਿੱਲੋਂ, ਮਨਿੰਦਰ ਸਿੰਘ ਬੌਂਸ ਅਤੇ ਅਜਾਇਬ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਅਤੇ ਸਿਮਰਨ ਜੋਤ ਕੌਰ, ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ)***